RECBC REAL ESTATE COUNCIL OF BRITISH COLUMBIA

# ਰੀਅਲ ਇਸਟੇਟ ਸੇਵਾਵਾਂ ਲਈ ਪੇਮੈਂਟ – ਵੇਚਣ ਵਾਲਿਆਂ ਨੂੰ ਕੀ ਜਾਣਨ ਦੀ ਲੋੜ ਹੈ

**ਤੁਹਾਨੂੰ ਇਹ ਫਾਰਮ ਕਿਉਂ ਮਿਲ ਰਿਹਾ ਹੈ?**
ਤੁਹਾਡੀ ਨੁਮਾਇੰਦਗੀ ਕਰ ਰਹੇ ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਇਹ ਜ਼ਰੂਰੀ ਹੈ ਕਿ ਉਹ ਤੁਹਾਡੀ ਪ੍ਰਾਪਰਟੀ ਖਰੀਦਣ ਲਈ ਆਈ ਕੋਈ ਵੀ ਔਫਰ ਤੁਹਾਨੂੰ ਪੇਸ਼ ਕਰਨ ਤੋਂ ਪਹਿਲਾਂ ਇਹ ਫਾਰਮ ਤੁਹਾਨੂੰ ਦੇਵੇ।

**ਇਸ ਫਾਰਮ ਦੀ ਵਰਤੋਂ ਕਿਵੇਂ ਕਰਨੀ ਹੈ:**
ਇਸ ਜਾਣਕਾਰੀ ਨੂੰ ਪੜ੍ਹੋ ਅਤੇ ਕਿਸੇ ਵੀ ਉਸ ਚੀਜ਼ ਬਾਰੇ ਪੁੱਛੋ ਜਿਹੜੀ ਤੁਹਾਨੂੰ ਸਮਝ ਨਾ ਆਈ ਹੋਵੇ। ਤੁਸੀਂ ਖਪਤਕਾਰਾਂ ਲਈ ਓਪਸ਼ਨਲ ਫੀਲਡਜ਼ ਭਰ ਸਕਦੇ ਹੋ ਜਿਹੜੇ ਇਹ ਦੱਸਦੇ ਹਨ ਕਿ ਤੁਸੀਂ ਇਹ ਜਾਣਕਾਰੀ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਵਿਚਾਰ ਲਈ ਹੈ।

**ਅਗਾਂਹ ਕੀ ਹੁੰਦਾ ਹੈ?**
ਫਾਰਮ ਨੂੰ ਵਿਚਾਰਨ ਅਤੇ ਖਪਤਕਾਰਾਂ ਲਈ ਓਪਸ਼ਨਲ ਫੀਲਡਜ਼ ਮੁਕੰਮਲ ਕਰਨ ਤੋਂ ਬਾਅਦ, ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਇਸ ਫਾਰਮ ਨੂੰ ਪੂਰਾ ਕਰਨਾ ਅਤੇ ਇਸ ’ਤੇ ਦਸਖਤ ਕਰਨਾ ਜ਼ਰੂਰੀ ਹੈ।

ਇਸ ਫਾਰਮ ਅਤੇ ਰੀਅਲ ਇਸਟੇਟ ਦੇ ਖਪਤਕਾਰਾਂ ਲਈ ਹੋਰ ਜਾਣਕਾਰੀ ਬਾਰੇ **www.recbc.ca** ’ਤੇ ਜ਼ਿਆਦਾ ਜਾਣੋ।

ਬੀ ਸੀ ਵਿਚ, ਸਾਰੇ ਲਾਇਸੰਸਸ਼ੁਦਾ ਰੀਅਲ ਇਸਟੇਟ ਪ੍ਰੋਫੈਸ਼ਨਲਜ਼ (ਏਜੰਟਾਂ) ਲਈ ਆਪਣੇ ਗਾਹਕਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਪੈਸੇ ਕਿਵੇਂ ਮਿਲਣਗੇ। ਇਹ ਜਾਣਕਾਰੀ ਇਸ ਚੀਜ਼ ’ਤੇ ਅਸਰ ਪਾ ਸਕਦੀ ਹੈ ਕਿ ਤੁਸੀਂ ਆਪਣੀ ਪ੍ਰਾਪਰਟੀ ਦੀ ਸੇਲ ਕਿਵੇਂ ਕਰਨ ਦਾ ਫੈਸਲਾ ਕਰਦੇ ਹੋ।

ਤੁਹਾਡੀ ਪ੍ਰਾਪਰਟੀ ਦੀ ਸੇਲ ਵਿਚ ਤੁਹਾਡੀ ਨੁਮਾਇੰਦਗੀ ਕਰ ਰਹੇ ਰੀਅਲ ਇਸਟੇਟ ਪ੍ਰੋਫੈਸ਼ਨਲ ਲਈ, ਸੰਭਾਵੀ ਖਰੀਦਾਰਾਂ ਤੋਂ ਮਿਲਣ ਵਾਲੀ ਹਰ ਔਫਰ (ਜਾਂ ਕਾਊਂਟਰ-ਔਫਰ) ਪੇਸ਼ ਕਰਨ ਤੋਂ ਪਹਿਲਾਂ ਤੁਹਾਨੂੰ ਇਸ ਡਿਸਕਲੋਜ਼ਰ ਫਾਰਮ ਦੀ ਕਾਪੀ ਦੇਣਾ ਜ਼ਰੂਰੀ ਹੈ। ਤੁਹਾਨੂੰ ਹਰ ਔਫਰ ਲਈ ਵੱਖਰਾ ਫਾਰਮ ਮਿਲਣਾ ਜ਼ਰੂਰੀ ਹੈ।

ਰੀਅਲ ਇਸਟੇਟ ਪ੍ਰੋਫੈਸ਼ਨਲ ਦੇ ਬਰੋਕਰੇਜ ਨੂੰ ਕਮਿਸ਼ਨ ਵੇਚਣ ਵਾਲਿਆਂ ਵਲੋਂ ਦਿੱਤੇ ਜਾਂਦੇ ਹਨ, ਅਤੇ ਰੀਅਲ ਇਸਟੇਟ ਪ੍ਰੋਫੈਸ਼ਨਲ ਨੂੰ ਪੇਮੈਂਟ ਬਰੋਕਰੇਜ ਤੋਂ ਮਿਲਦੀ ਹੈ।

ਇਹ ਫਾਰਮ ਤੁਹਾਨੂੰ ਦਿਖਾਉਂਦਾ ਹੈ:

- ਉਹ ਕੁੱਲ ਰਕਮ ਜਿਹੜੀ ਤੁਹਾਡੇ ਰੀਅਲ ਇਸਟੇਟ ਪ੍ਰੋਫੈਸ਼ਨਲ ਦੇ ਬਰੋਕਰੇਜ ਨੂੰ ਮਿਲੇਗੀ ਜੇ ਤੁਸੀਂ ਇਹ ਔਫਰ ਪ੍ਰਵਾਨ ਕਰਦੇ ਹੋ,
- “ਸਹਿਯੋਗ” ਦੇ ਰਹੇ ਬਰੋਕਰੇਜ (ਸੰਭਾਵੀ ਖਰੀਦਾਰ ਦੀ ਨੁਮਾਇੰਦਗੀ ਕਰ ਰਹੇ ਬਰੋਕਰੇਜ) ਨਾਲ ਪੇਮੈਂਟ ਕਿਵੇਂ ਵੰਡੀ ਜਾਵੇਗੀ, ਜੇ ਕੋਈ ਹੈ, ਅਤੇ,
- ਕੋਈ ਹੋਰ ਪੇਮੈਂਟ ਜਿਹੜੀ ਰੀਅਲ ਇਸਟੇਟ ਪ੍ਰੋਫੈਸ਼ਨਲ ਨੂੰ ਇਸ ਸੌਦੇ ਦੇ ਸੰਬੰਧ ਵਿਚ ਮਿਲੇਗੀ, ਜਾਂ ਉਹ ਮਿਲਣ ਦੀ ਉਮੀਦ ਰੱਖਦਾ ਹੈ।

ਇਹ ਫਾਰਮ ਤੁਹਾਨੂੰ ਕਮਿਸ਼ਨ ਦੀ ਉਹ ਰਕਮ ਨਹੀਂ ਦਿਖਾਉਂਦਾ ਜਿਹੜੀ ਤੁਹਾਡਾ ਰੀਅਲ ਇਸਟੇਟ ਪ੍ਰੋਫੈਸ਼ਨਲ ਕਮਾਏਗਾ।

## ਤੁਹਾਨੂੰ ਔਫਰ ਆਈ ਹੈ। ਹੁਣ ਕੀ ਹੋਵੇਗਾ?

ਤੁਹਾਡੀ ਪ੍ਰਾਪਰਟੀ ਦੀ ਸੇਲ ਵਿਚ ਤੁਹਾਡੀ ਨੁਮਾਇੰਦਗੀ ਕਰ ਰਹੇ ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਕਾਨੂੰਨੀ ਤੌਰ ’ਤੇ ਇਹ ਜ਼ਰੂਰੀ ਹੈ ਕਿ ਉਹ ਤੁਹਾਡੇ ਵਿਚਾਰਨ ਲਈ ਸਾਰੀਆਂ ਲਿਖਤੀ ਔਫਰਾਂ ਤੁਹਾਡੇ ਕੋਲ ਲੈ ਕੇ ਆਵੇ।



ਜਦੋਂ ਤੁਹਾਨੂੰ ਤੁਹਾਡੀ ਪ੍ਰਾਪਰਟੀ ਖਰੀਦਣ ਲਈ ਕੋਈ ਔਫਰ ਮਿਲਦੀ ਹੈ ਤਾਂ ਔਫਰ ਨੂੰ ਧਿਆਨ ਨਾਲ ਵਿਚਾਰਨਾ ਤੁਹਾਡੇ ਬਿਹਤਰ ਹਿੱਤ ਵਿਚ ਹੈ। ਸੇਲ ਵਿਚ ਤੁਹਾਡੀ ਨੁਮਾਇੰਦਗੀ ਕਰ ਰਿਹਾ ਰੀਅਲ ਇਸਟੇਟ ਪ੍ਰੋਫੈਸ਼ਨਲ, ਔਫਰ ਵਿਚਲੀਆਂ ਸ਼ਰਤਾਂ ਅਤੇ ਕੰਡੀਸ਼ਨਾਂ ਨੂੰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ ਤਾਂ ਜੋ ਤੁਸੀਂ ਅਜਿਹਾ ਫੈਸਲਾ ਕਰ ਸਕੋ ਜਿਹੜਾ ਤੁਹਾਡੀ ਪ੍ਰਾਪਰਟੀ ਦੀ ਸੇਲ ਬਾਰੇ ਤੁਹਾਡੇ ਲਈ ਠੀਕ ਹੋਵੇ। ਤੁਹਾਡੇ ਲਈ ਕਿਸੇ ਵੀ ਔਫਰ ਨੂੰ ਪ੍ਰਵਾਨ ਕਰਨਾ ਜ਼ਰੂਰੀ ਨਹੀਂ ਹੈ।





**ਰੀਅਲ ਇਸਟੇਟ ਕੌਂਸਲ ਔਫ ਬੀ ਸੀ** ਖਪਤਕਾਰਾਂ ਦੀ ਰੱਖਿਆ ਕਰਨ ਲਈ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ’ਤੇ ਨਿਯਮ ਲਾਗੂ ਕਰਦੀ ਹੈ। ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਵੈੱਬਸਾਈਟ ’ਤੇ ਜਾਉ। **1.877.683.9664 | ਗੁਪਤ ਸੂਹ ਦੇਣ ਲਈ ਲਾਈਨ: 1.833.420.2400 | info@recbc.ca | www.recbc.ca**

(rev 6/2018)

RECBC REAL ESTATE COUNCIL OF BRITISH COLUMBIA

**ਇਹ ਡਿਸਕਲੋਜ਼ਰ *ਰੀਅਲ ਇਸਟੇਟ ਸਰਵਿਸਿਜ਼ ਐਕਟ* ਹੇਠ ਨਿਯਮਾਂ ਦੇ ਸੈਕਸ਼ਨ 5-11.1 ਦੀ ਪਾਲਣਾ ਮੁਤਾਬਕ ਕੀਤਾ ਗਿਆ ਹੈ।**

## ਹਿਦਾਇਤਾਂ

**ਰੀਅਲ ਇਸਟੇਟ ਪ੍ਰੋਫੈਸ਼ਨਲ:** ਖਪਤਕਾਰ ਨੂੰ ਫਾਰਮ ਪੇਸ਼ ਕਰਨ ਤੋਂ ਪਹਿਲਾਂ **ਡੀਟੇਲਜ਼ ਔਫ ਦਿ ਔਫਰ** ਵਾਲਾ ਭਾਗ ਭਰੋ। **ਮੈਂਡਾਟੋਰੀ ਰੀਅਲ ਇਸਟੇਟ ਪ੍ਰੋਫੈਸ਼ਨਲ ਕਨਫਰਮੇਸ਼ਨ** ਭਰੋ ਅਤੇ ਦਸਖਤ ਕਰੋ ਤਾਂ ਜੋ ਇਹ ਪਤਾ ਲੱਗੇ ਕਿ ਤੁਸੀਂ ਇਹ ਡਿਸਕਲੋਜ਼ਰ ਰੀਅਲ ਇਸਟੇਟ ਦੇ ਖਪਤਕਾਰ ਨੂੰ ਦੇ ਦਿੱਤਾ ਹੈ। ਦਸਖਤਾਂ ਵਾਲਾ ਅਤੇ ਤਾਰੀਕ ਪਾਇਆ ਫਾਰਮ ਤੁਰੰਤ ਆਪਣੇ ਬਰੋਕਰੇਜ ਨੂੰ ਦਿਉ।

**ਖਪਤਕਾਰ:** ਤੁਹਾਨੂੰ ਇਹ ਫਾਰਮ ਇਸ ਕਰਕੇ ਮਿਲ ਰਿਹਾ ਹੈ ਕਿਉਂਕਿ ਤੁਹਾਡੀ ਪ੍ਰਾਪਰਟੀ ਖਰੀਦਣ ਲਈ ਔਫਰ ਆਈ ਹੈ। ਕਿਰਪਾ ਕਰਕੇ ਹੇਠਾਂ **ਔਪਸ਼ਨਲ ਕੰਜ਼ਿਊਮਰ ਕਨਫਰਮੇਸ਼ਨ** ਭਰੋ ਤਾਂ ਜੋ ਇਹ ਪਤਾ ਲੱਗੇ ਕਿ ਤੁਹਾਨੂੰ ਖਪਤਕਾਰਾਂ ਦੀ ਰੱਖਿਆ ਲਈ ਇਹ ਜਾਣਕਾਰੀ ਮਿਲ ਗਈ ਹੈ।

## Details of the Offer

This disclosure is made in respect of a property located at:

________________________________________

Name of real estate professional: ____________________________

Listing brokerage: ____________________________

Name(s) of potential buyer(s): ____________________________

Potential buyer(s)'s brokerage: ____________________________

Date of offer: ________________ Offered purchase price: **$** ________________

### IF YOU ACCEPT THIS OFFER:

**Amounts below are exclusive of GST**

You will pay your real estate professional's brokerage this amount: **$** ________________

This amount will be shared with the potential buyer's brokerage (the co-operating brokerage): **$** ________________

This amount will be kept by your real estate professional's brokerage: **$** ________________

Your real estate professional has received or will receive this amount from someone other than you, as a result of providing real estate services to you, or on your behalf: **$** ________________

**NOTE:** *If the real estate professional discloses an amount in this section, they must provide you with a separate form that sets out the source of the remuneration, the amount or likely amount or method of calculation of the remuneration, and all other relevant facts relating to the remuneration under section 5-11(1)(a) of the Real Estate Rules.*



**ਰੀਅਲ ਇਸਟੇਟ ਕੌਂਸਲ ਔਫ ਬੀ ਸੀ** ਖਪਤਕਾਰਾਂ ਦੀ ਰੱਖਿਆ ਕਰਨ ਲਈ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ’ਤੇ ਨਿਯਮ ਲਾਗੂ ਕਰਦੀ ਹੈ। ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਵੈੱਬਸਾਈਟ ’ਤੇ ਜਾਉ। **1.877.683.9664 | ਗੁਪਤ ਸੂਹ ਦੇਣ ਲਈ ਲਾਈਨ: 1.833.420.2400 | info@recbc.ca | www.recbc.ca**

(rev 6/2018)

RECBC REAL ESTATE COUNCIL OF BRITISH COLUMBIA

## Mandatory Real Estate Professional Confirmation

**I confirm that I have:**

☐ disclosed how the remuneration would be shared if my client accepted this offer.
☐ presented my client with this form before presenting them with the offer.

Name: ______________________________

Brokerage: ______________________________

Signature: ______________________________ Date: ______________

## Optional Consumer Confirmation

Consumer Name: ______________________________

Consumer Signature: ______________________________ Date: ______________

Consumer Name: ______________________________

Consumer Signature: ______________________________ Date: ______________

### ਖਪਤਕਾਰ ਦੀ ਪ੍ਰਾਈਵੇਸੀ ਦਾ ਨੋਟਿਸ

ਰੀਅਲ ਇਸਟੇਟ ਪ੍ਰੋਫੈਸ਼ਨਲ ਇਹ ਫਾਰਮ ਤੁਹਾਨੂੰ ਇਸ ਕਰਕੇ ਦੇ ਰਿਹਾ ਹੈ ਕਿਉਂਕਿ ਉਨ੍ਹਾਂ ਲਈ ਰੀਅਲ ਇਸਟੇਟ ਸਰਵਿਸਿਜ਼ ਐਕਟ ("ਰੂਲਜ਼") ਹੇਠ ਅਜਿਹਾ ਕਰਨਾ ਜ਼ਰੂਰੀ ਹੈ। **ਤੁਹਾਡੇ ਲਈ ਇਸ ਫਾਰਮ ਉੱਪਰ ਆਪਣਾ ਨਾਂ ਲਿਖਣਾ ਜਾਂ ਦਸਖਤ ਕਰਨਾ ਜ਼ਰੂਰੀ ਨਹੀਂ ਹੈ।** ਫਿਰ ਵੀ, ਜਿਸ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਤੁਸੀਂ ਵਰਤ ਰਹੇ ਹੋ, ਉਹ ਤੁਹਾਨੂੰ ਅਜਿਹਾ ਕਰਨ ਲਈ ਕਹਿ ਸਕਦਾ ਹੈ ਤਾਂ ਜੋ ਉਹ ਇਹ ਸਾਬਤ ਕਰ ਸਕੇ ਕਿ ਨਿਯਮਾਂ ਦੀ ਮੰਗ ਮੁਤਾਬਕ ਉਸ ਨੇ ਤੁਹਾਨੂੰ ਇਹ ਫਾਰਮ ਦੇ ਦਿੱਤਾ ਹੈ। ਰੀਅਲ ਇਸਟੇਟ ਪ੍ਰੋਫੈਸ਼ਨਲ ਇਸ ਫਾਰਮ ਦੀ ਕਾਪੀ (ਸਮੇਤ ਕੋਈ ਵੀ ਉਸ ਨਿੱਜੀ ਜਾਣਕਾਰੀ ਦੇ ਜਿਹੜੀ ਤੁਸੀਂ ਦਿੱਤੀ ਹੈ ਜਿਵੇਂ ਕਿ ਤੁਹਾਡਾ ਨਾਂ ਜਾਂ ਦਸਖਤ) ਆਪਣੇ ਬਰੋਕਰੇਜ ਨੂੰ ਦੇਵੇਗਾ। ਰੀਅਲ ਇਸਟੇਟ ਪ੍ਰੋਫੈਸ਼ਨਲਜ਼ 'ਤੇ ਨਿਯਮ ਲਾਗੂ ਕਰਨ ਲਈ ਜ਼ਿੰਮੇਵਾਰ ਸੂਬੇ ਦੀ ਸੰਸਥਾ, ਰੀਅਲ ਇਸਟੇਟ ਕੌਂਸਲ ਔਫ ਬੀ ਸੀ, ਨਿਯਮਾਂ ਦੀ ਪਾਲਣਾ 'ਤੇ ਨਿਗਰਾਨੀ ਰੱਖਣ ਦੇ ਮੰਤਵ ਲਈ ਇਸ ਫਾਰਮ ਦੀ ਪੜਚੋਲ ਕਰ ਸਕਦੀ ਹੈ।

ਰੀਅਲ ਇਸਟੇਟ ਕੌਂਸਲ ਔਫ ਬੀ ਸੀ ਵਲੋਂ ਤੁਹਾਡੀ ਨਿੱਜੀ ਜਾਣਕਾਰੀ ਲੈਣ ਅਤੇ ਵਰਤਣ ਦੇ ਸੰਬੰਧ ਵਿਚ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਸੰਪਰਕ ਕਰੋ:
Privacy Officer, Real Estate Council of BC, 900-750 West Pender Street, Vancouver, BC, V6C 2T8; ਟੈਲੀਫੋਨ: 604.683.9664 ਜਾਂ ਦੂਰੋਂ ਮੁਫਤ 1.877.683.9664 'ਤੇ; ਈਮੇਲ: privacy@recbc.ca

ਜੇ ਖਾਸ ਤੌਰ 'ਤੇ ਮੰਗੀ ਨਹੀਂ ਜਾਂਦੀ ਤਾਂ ਇਸ ਡਿਸਕਲੋਜ਼ਰ ਦੀ ਇਕ ਕਾਪੀ ਰੀਅਲ ਇਸਟੇਟ ਕੌਂਸਲ ਔਫ ਬੀ ਸੀ ਨੂੰ ਦਿੱਤੇ ਜਾਣ ਦੀ ਲੋੜ ਨਹੀਂ ਹੈ।